# ਫ਼ੀਸ ਮੁਆਫ਼ੀ ਲਈ ਬਿਨੈ-ਪੱਤਰ

ਸੇਵਾ ਵਿਖੇ

ਪ੍ਰਿੰਸੀਪਲ ਸਾਹਿਬ,
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,
...........।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਆਪ ਜੀ ਦੇ ਸਕੂਲ ਵਿੱਚ ਅੱਠਵੀਂ ਜਮਾਤ ਦਾ ਵਿਦਿਆਰਥੀ ਹਾਂ। ਮੇਰੇ ਪਿਤਾ ਜੀ ਦੀ ਆਮਦਨ ਬਹੁਤ ਥੋੜ੍ਹੀ ਹੈ। ਮੇਰੇ ਦੋ ਵੱਡੇ ਭੈਣ-ਭਰਾ ਵੀ ਪੜ੍ਹਦੇ ਹਨ। ਪਿਤਾ ਜੀ ਲਈ ਸਾਡੀ ਸਾਰਿਆਂ ਦੀ ਪੜ੍ਹਾਈ ਦਾ ਖਰਚਾ ਦੇਣਾ ਬੜਾ ਮੁਸ਼ਕਿਲ ਹੈ।

ਮੈਨੂੰ ਪੜ੍ਹਾਈ ਦਾ ਬਹੁਤ ਸ਼ੌਕ ਹੈ। ਮੈਂ ਹਰ ਸਾਲ ਆਪਣੀ ਜਮਾਤ ਵਿੱਚੋਂ ਪਹਿਲੇ ਨੰਬਰ ਤੇ ਆਉਂਦਾ ਹਾਂ। ਕਿਰਪਾ ਕਰਕੇ ਮੇਰੀ ਫ਼ੀਸ ਮੁਆਫ਼ ਕੀਤੀ ਜਾਵੇ। ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰ,

ਮਿਤੀ: ....ਅਪ੍ਰੈਲ, 2020. ..............,
ਰੋਲ ਨੰ: ,
ਜਮਾਤ ਅੱਠਵੀਂ।

# ਵਿਦਿਅਕ ਟੂਰ/ਸੈਰ-ਸਪਾਟੇ ਦੀ ਆਗਿਆ ਸੰਬੰਧੀ ਸਕੂਲ ਮੁਖੀ ਨੂੰ ਪੱਤਰ

ਸੇਵਾ ਵਿਖੇ

ਮੁੱਖ-ਅਧਿਆਪਕ ਜੀ,
ਸਰਕਾਰੀ ...... ਸਕੂਲ,
............... ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਅਸੀਂ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀ ਆਉਂਦੇ ਸ਼ਨਿੱਚਰਵਾਰ ਚੰਡੀਗੜ੍ਹ ਟੂਰ 'ਤੇ ਜਾਣਾ ਚਾਹੁੰਦੇ ਹਾਂ।

ਚੰਡੀਗੜ੍ਹ ਅਸੀਂ ਕੁਝ ਥਾਵਾਂ ਦੇਖਣੀਆਂ ਚਾਹੁੰਦੇ ਹਾਂ, ਜਿਵੇਂ : ਸਕੱਤਰੇਤ, ਵਿਧਾਨ ਸਭਾ ਭਵਨ, ਹਾਈ ਕੋਰਟ, ਰੋਜ਼ ਗਾਰਡਨ, ਰੌਕ-ਗਾਰਡਨ, ਸੁਖਨਾ ਝੀਲ, ਮਿਊਜ਼ੀਅਮ ਆਦਿ। ਚੰਡੀਗੜ੍ਹ ਤੋਂ ਆਉਂਦੇ ਸਮੇਂ ਅਸੀਂ ਛੱਤ-ਬੀੜ ਵੀ ਦੇਖਾਂਗੇ।

ਆਸ ਹੈ ਕਿ ਆਪ ਸਾਨੂੰ ਇਸ ਟੂਰ 'ਤੇ ਜਾਣ ਦੀ ਇਜਾਜ਼ਤ ਦੇਵੋਗੇ। ਸਾਡੇ ਨਾਲ ਸਾਡੇ ਪੰਜਾਬੀ ਦੇ ਅਧਿਆਪਕ ਜੀ ਨੇ ਜਾਣਾ ਸਵੀਕਾਰ ਕਰ ਲਿਆ ਹੈ।

ਅਸੀਂ ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

ਆਪ ਜੀ ਦੇ ਆਗਿਆਕਾਰੀ,
ਅੱਠਵੀਂ ਕਲਾਸ ਦੇ
ਵਿਦਿਆਰਥੀ।

ਮਿਤੀ: ...............